Derbyshire Healthcare
NHS Foundation Trust

# ਸਿੱਖਣ ਦੀ ਅਪੰਗਤਾ (ਲਰਨਿੰਗ ਡਿਸਏਬਿਲਿਟੀ) ਦੀ ਸਾਲਾਨਾ ਸਿਹਤ ਦੀ ਜਾਂਚ ਦੀ ਅਪਾਇੰਟਮੇਂਟ ਵਿੱਚ ਕੀ ਹੁੰਦਾ ਹੈ?

**ਕੋਈ ਵੀ ਵਿਅਕਤੀ ਜਿਸਨੂੰ ਸਿੱਖਣ ਦੀ ਅਪੰਗਤਾ (ਲਰਨਿੰਗ ਡਿਸਏਬਿਲਿਟੀ) ਹੈ ਅਤੇ ਉਸਦੀ ਉਮਰ 14 ਸਾਲ ਜਾਂ ਇਸ ਤੋਂ ਵੱਧ ਹੈ, ਉਹ ਆਪਣੇ ਡਾਕਟਰ ਦੀ ਸਰਜਰੀ ਵਿੱਚ ਮੁਫਤ ਲਰਨਿੰਗ ਡਿਸਏਬਿਲਿਟੀ ਸਾਲਾਨਾ ਸਿਹਤ ਦੀ ਜਾਂਚ ਕਰਵਾ ਸਕਦਾ/ਸਕਦੀ ਹੈ**

| | |
|---|---|
|   | **ਤੁਸੀਂ ਸਾਲਾਨਾ ਸਿਹਤ ਦੀ ਜਾਂਚ ਲਈ ਆਪਣੀ ਅਪਾਇੰਟਮੇਂਟ ਦੀ ਮਿਤੀ ਅਤੇ ਸਮੇਂ 'ਤੇ ਆਪਣੇ ਡਾਕਟਰ ਦੀ ਸਰਜਰੀ ਵਿੱਚ ਜਾਂਦੇ ਹੋ** |
|  | **ਸਾਲਾਨਾ ਸਿਹਤ ਦੀ ਜਾਂਚ ਸਿਰ ਤੋਂ ਪੈਰਾਂ ਤੱਕ ਸਿਹਤ ਦੀ ਜਾਂਚ ਹੁੰਦੀ ਹੈ** |
|  | **ਤੁਹਾਡੇ ਡਾਕਟਰ ਦੀ ਸਰਜਰੀ ਤੁਹਾਨੂੰ ਸਾਲਾਨਾ ਸਿਹਤ ਦੀ ਜਾਂਚ ਦਾ ਕੁਝ ਹਿੱਸਾ ਟੈਲੀਫੋਨ ਜਾਂ ਵੀਡੀਓ ਕਾਲ 'ਤੇ ਕਰਨ ਲਈ ਕਹਿ ਸਕਦੀ ਹੈ** |
|   | **ਤੁਹਾਡੀ ਅਪਾਇੰਟਮੇਂਟ ਘੱਟੋ-ਘੱਟ 30 ਮਿੰਟ ਲੰਬੀ ਹੋਣੀ ਚਾਹੀਦੀ ਹੈ** |
|  | **ਤੁਹਾਡੇ ਡਾਕਟਰ ਦੀ ਸਰਜਰੀ ਤੁਹਾਨੂੰ ਆਪਣੇ ਪਿਸ਼ਾਬ ਦਾ ਨਮੂਨਾ (ਯੂਰਿਨ ਸੈਂਪਲ) ਲਿਆਉਣ ਲਈ ਕਹਿ ਸਕਦੀ ਹੈ** |

## ਡਾਕਟਰ ਜਾਂ ਨਰਸ ਤੁਹਾਡੀਆਂ ਇਨ੍ਹਾਂ ਚੀਜ਼ਾਂ ਦਾ ਮੁਆਇਨਾ ਕਰ ਸਕਦੇ ਹਨ:



ਬਲੱਡ ਪ੍ਰੈਸ਼ਰ



ਵਜ਼ਨ



ਕੱਦ



ਦਿਲ



ਅੱਖਾਂ



ਕੰਨ



ਪੈਰ




ਪੇਟ



ਫੇਫੜੇ

# ਡਾਕਟਰ ਜਾਂ ਨਰਸ ਤੁਹਾਡੇ ਕੋਲੋਂ ਇਨ੍ਹਾਂ ਬਾਰੇ ਪੁੱਛ ਸਕਦੇ ਹਨ:



ਉਹ ਦਵਾਈਆਂ ਜੋ ਤੁਸੀਂ ਲੈ ਰਹੇ/ਰਹੀ ਹੋ




ਉਹ ਭੋਜਨ ਜੋ ਤੁਸੀਂ ਖਾਂਦੇ/ਖਾਂਦੀ ਹੋ



ਤੁਹਾਡੀ ਜੀਵਨ ਸ਼ੈਲੀ (ਲਾਈਫਸਟਾਈਲ)



ਉਹ ਕਸਰਤ ਜੋ ਤੁਸੀਂ ਕਰਦੇ/ਕਰਦੀ ਹੋ



ਜੇ ਤੁਹਾਨੂੰ ਟਾਇਲਟ ਜਾਣ ਵਿੱਚ ਕੋਈ ਸਮੱਸਿਆ ਆ ਰਹੀ ਹੈ



ਤੁਸੀਂ ਕਿਵੇਂ ਮਹਿਸੂਸ ਕਰ ਰਹੇ/ਰਹੀ ਹੋ



ਕੈਂਸਰ ਦੀ ਜਾਂਚ ਲਈ ਕੀਤੇ ਗਏ ਤੁਹਾਡੇ ਟੈਸਟ




ਤੁਹਾਡੀ ਕੋਵਿਡ (Covid) ਵੈਕਸੀਨ ਅਤੇ ਫਲੂ ਵੈਕਸੀਨ



ਸਿਹਤ ਨਾਲ ਸਬੰਧਤ ਕੋਈ ਹੋਰ ਅਪਾਇੰਟਮੇਂਟਸ ਜੋ ਤੁਹਾਡੀਆਂ ਹੋ ਸਕਦੀਆਂ

| | |
|---|---|
|   | ਡਾਕਟਰ ਜਾਂ ਨਰਸ ਕੁਝ ਵਾਧੂ ਟੈਸਟ ਕਰ ਸਕਦੇ ਹਨ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਤੁਹਾਨੂੰ ਇਨ੍ਹਾਂ ਦੀ ਲੋੜ ਹੈ ਜਿਵੇਂ ਕਿ:<br>• ਖ਼ੂਨ ਦਾ ਟੈਸਟ (ਬਲੱਡ ਟੈਸਟ)<br>• ਪਿਸ਼ਾਬ ਦਾ ਟੈਸਟ (ਯੂਰਿਨ ਟੈਸਟ) |
|  | ਡਾਕਟਰ ਜਾਂ ਨਰਸ ਤੁਹਾਨੂੰ ਕਿਸੇ ਹੋਰ ਨੂੰ ਮਿਲਣ ਲਈ ਰੈਫਰ ਕਰ ਸਕਦੇ ਹਨ |
|   | ਤੁਹਾਨੂੰ ਇੱਕ ਪੜ੍ਹਨ ਵਿੱਚ ਆਸਾਨ (ਈਜ਼ੀ ਰੀਡ) ਹੈਲਥ ਐਕਸ਼ਨ ਪਲਾਨ (Health Action Plan) ਦਿੱਤਾ ਜਾਵੇਗਾ; ਇਹ ਤੁਹਾਨੂੰ ਦੱਸੇਗਾ ਕਿ ਸਿਹਤਮੰਦ ਰਹਿਣ ਲਈ ਤੁਹਾਨੂੰ ਕੀ ਕਰਨ ਦੀ ਲੋੜ ਹੈ |
|   | ਡਾਕਟਰ ਜਾਂ ਨਰਸ ਤੁਹਾਨੂੰ ਸਿਹਤਮੰਦ ਰਹਿਣ ਦੇ ਤਰੀਕੇ ਬਾਰੇ ਪੜ੍ਹਨ ਵਿੱਚ ਆਸਾਨ (ਈਜ਼ੀ ਰੀਡ) ਜਾਣਕਾਰੀ ਦੇ ਸਕਦੇ ਹਨ |